ਪੱਤਰ ਨੰ: 99/ਆਤਮ, ਮਿਤੀ 20/6/17

# ਐਗਰੀਕਲਚਰਲ ਟੈਕਨਾਲੋਜੀ ਮੈਨੇਜਮੈਂਟ ਏਜੰਸੀ (ਆਤਮਾ) ਖੇਤੀਬਾੜੀ ਵਿਭਾਗ, ਮੋਗਾ

## ਵੱਲੋਂ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ

ਇਸ ਸਕੀਮ ਅਧੀਨ ਕਿਸਾਨਾਂ ਦੀ ਮੰਗ ਅਨੁਸਾਰ ਬਲਾਕ ਪੱਧਰ ਤੋਂ ਬਣਾਈ ਗਈ ਕਾਰਜ ਯੋਜਨਾ ਅਨੁਸਾਰ ਉਨ੍ਹਾਂ ਨੂੰ ਬੜੇ ਸੁਚੱਜੇ ਢੰਗ ਨਾਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਨਵੇਕਲੀ ਸਕੀਮ ਦਾ ਭਰਪੂਰ ਲਾਭ ਉਠਾਉਂਦੇ ਹੋਏ ਕਿਸਾਨ ਆਪਣੀ ਖੇਤੀ ਨੂੰ ਆਧੁਨਿਕ ਤਕਨੀਕਾਂ ਰਾਹੀਂ ਲਾਹੇਵੰਦ ਬਣਾ ਸਕਦੇ ਹਨ।

### ਕਿਸਾਨ ਸਿਖਲਾਈ:-

ਕਿਸਾਨ ਆਪਣੀ ਖੇਤੀ ਨੂੰ ਨਵੀਂਆਂ ਦਿਸ਼ਾਵਾਂ ਦੇਣ ਲਈ ਖੇਤੀਬਾੜੀ ਜਾਂ ਸਹਾਇਕ ਧੰਦਿਆਂ ਲਈ ਜਿਵੇਂ ਖੁੰਬਾਂ ਦੀ ਕਾਸ਼ਤ, ਡੇਅਰੀ, ਮਧੂ-ਮੱਖੀ ਪਾਲਣ, ਮੱਛੀ-ਪਾਲਣ, ਫੂਡ-ਪ੍ਰੋਸੈਸਿੰਗ, ਪੈਕਿੰਗ, ਗ੍ਰੇਡਿੰਗ, ਜਾਲੀਦਾਰ ਘਰ ਜਾਂ ਪੋਲੀਹਾਊਸ ਸਬਜ਼ੀ ਉਤਪਾਦਨ, ਮੰਡੀਕਰਣ ਸਬੰਧੀ ਆਦਿ ਕਿਸੇ ਵੀ ਤਰ੍ਹਾਂ ਦੀ ਸਿਖਲਾਈ ਪ੍ਰਾਪਤ ਕਰਨਾ ਚਾਹੁੰਦੇ ਹੋਣ ਤਾਂ ਉਹ ਇਸ ਸਕੀਮ ਤਹਿਤ ਗਰੁੱਪ ਵਿੱਚ ਜ਼ਿਲ੍ਹੇ, ਸੂਬੇ ਜਾਂ ਦੇਸ਼ ਦੇ ਕਿਸੇ ਵੀ ਹਿੱਸੇ ਤੋਂ ਲੋੜੀਂਦੀਂ ਸਿਖਲਾਈ ਹਾਸਿਲ ਕਰ ਸਕਦੇ ਹਨ।

### ਐਕਸਪੋਜ਼ਰ ਵਿਜ਼ਿਟ (ਸਿੱਖਿਆ ਦੌਰੇ):-

ਕਿਸਾਨ ਕਿਸੇ ਵੀ ਨਵੀਂ ਤਕਨੀਕ ਨੂੰ ਆਪ ਅਪਣਾਉਣ ਤੋਂ ਪਹਿਲਾਂ ਉਸਦੇ ਸਾਰੇ ਵਿਹਾਰਕ ਪੱਖਾਂ ਬਾਰੇ ਜਾਣ ਸਕਦੇ ਹਨ। ਇਸ ਲਈ ਉਹ ਜਗ੍ਹਾ ਜਿੱਥੇ ਇਹ ਤਕਨੀਕ ਸਫ਼ਲਤਾ ਨਾਲ ਅਪਣਾਈ ਗਈ ਹੋਵੇ ਜਾਂ ਸਥਾਪਿਤ ਹੋ ਚੁੱਕੀ ਹੋਵੇ, ਉੱਥੇ ਜਾ ਕੇ ਅਪਣੇ ਅੱਖੀਂ ਦੇਖ ਕੇ ਦੂਜਿਆਂ ਦੇ ਤਜ਼ਰਬਿਆਂ ਦਾ ਲਾਭ ਉਠਾ ਸਕਦੇ ਹਨ। ਇਸ ਵਿੱਚ ਕਿਸਾਨ ਮੇਲੇ/ਪ੍ਰਦਰਸ਼ਨੀਆਂ/ ਪ੍ਰਦਰਸ਼ਨੀ ਖੇਤਾਂ ਜਾਂ ਖੇਤੀਬਾੜੀ ਸੰਸਥਾ ਦਾ ਦੌਰਾ ਵੀ ਹੋ ਸਕਦਾ ਹੈ। ਇਹ ਸਿਖਿਆ ਦੌਰੇ ਰਾਜ ਦੇ ਅੰਦਰ ਅਤੇ ਰਾਜ ਦੇ ਬਾਹਰ ਵੀ ਹੋ ਸਕਦੇ ਹਨ। ਇਹ ਦੌਰੇ ਗਰੁੱਪਾਂ ਵਿੱਚ ਲਗਵਾਏ ਜਾਂਦੇ ਹਨ।

### ਕਿਸਾਨ ਗੋਸ਼ਟੀਆਂ :-

ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਕਿਸਾਨ ਗੋਸ਼ਟੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਕਿਸ਼ਾਨ ਗੋਸ਼ਟੀਆਂ ਦਾ ਮੁੱਖ ਉਦੇਸ਼ ਹੈ, ਕਿਸਾਨਾਂ ਅਤੇ ਖੇਤੀ ਵਿਗਿਆਨੀਆਂ ਵਿੱਚ ਨੇੜਤਾ ਵਧਾਉਣੀ। ਇਸ ਨਾਲ ਉਹ ਸਥਾਨਕ ਲੋੜ ਮੁਤਾਬਿਕ ਖੇਤੀ ਖੋਜ਼ ਮਸਲੇ ਖੇਤੀ ਵਿਗਿਆਨੀਆਂ ਦੇ ਸਨਮੁੱਖ ਰੱਖ ਸਕਦੇ ਹਨ।

### ਕਿਸਾਨ ਸਕੂਲ :-

ਇਹ ਅਗਾਂਹਵਧੂ ਕਿਸਾਨਾਂ ਰਾਹੀਂ ਚਲਾਏ ਜਾ ਰਹੇ ਵਿਸ਼ੇਸ਼ ਤਰ੍ਹਾਂ ਦੇ ਸਕੂਲ ਹਨ। ਇਨ੍ਹਾਂ ਸਕੂਲਾਂ ਵਿੱਚ ਕਿਸਾਨਾਂ ਦੁਆਰਾ, ਕਿਸਾਨਾਂ ਨੂੰ ਸਰਲ ਭਾਸ਼ਾ ਵਿੱਚ ਨਵੀਨਤਮ ਖੇਤੀ ਤਕਨੀਕਾਂ ਅਤੇ ਖੋਜ਼ਾਂ ਬਾਰੇ ਸਿਖਿਅਤ ਕੀਤਾ ਜਾਂਦਾ ਹੈ।

### ਪ੍ਰਦਰਸ਼ਨੀ ਪਲਾਟ:-

ਆਤਮਾ ਸਕੀਮ ਅਧੀਨ ਕੁਦਰਤੀ ਸੋਮਿਆਂ ਦੀ ਸੁਯੋਗ ਵਰਤੋਂ ਕਰਦੇ ਹੋਏ, ਮੁਨਾਫ਼ੇ ਵਾਲੇ ਖੇਤੀ ਨੂੰ ਉਤਸ਼ਾਹਿਤ ਕਰਨ ਲਈ, ਨਵੀਨਤਮ ਤਕਨੀਕਾਂ ਨੂੰ ਪਿੰਡ ਪੱਧਰ ਤੱਕ ਪਹੁੰਚਾਉਣ ਲਈ ਵਿਸ਼ੇਸ਼ ਪ੍ਰਦਰਸ਼ਨੀ ਪਲਾਟ ਲਗਾਏ ਜਾਂਦੇ ਹਨ।

ਪ੍ਰਦਰਸ਼ਨੀ ਨੂੰ ਲਾਉਣ ਦਾ ਮੁੱਖ ਉਦੇਸ਼ ਹੈ ਕਿ ਪ੍ਰਦਰਸ਼ਨੀ ਪਲਾਂਟਾ ਰਾਹੀਂ ਅੱਖੀਂ-ਡਿੱਠੇ ਨਤੀਜੇ ਦਿਖਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਣਾ ਹੈ।

**ਅਗਾਂਹਵਧੂ ਕਿਸਾਨ ਐਵਾਰਡ:-**

ਜੋ ਕਿਸਾਨ ਸੂਝ-ਬੂਝ ਨਾਲ ਕੁਦਰਤੀ ਸੋਮਿਆਂ ਦੀ ਸੁਯੋਗ ਵਰਤੋਂ ਕਰਦੇ ਹੋਏ ਆਧੁਨਿਕ ਤਕਨੀਕਾਂ ਰਾਹੀਂ ਖੇਤੀਬਾੜੀ ਵਿੱਚ ਬੁਲੰਦੀ ਨੂੰ ਛੂਹ ਰਹੇ ਹਨ ਅਤੇ ਦੂਜੇ ਕਿਸਾਨਾਂ ਲਈ ਮਿਸਾਲ ਬਣ ਰਹੇ ਹਨ। ਅਜਿਹੇ ਕਿਸਾਨਾਂ ਨੂੰ ਰਾਜ ਪੱਧਰ, ਜ਼ਿਲ੍ਹਾ ਪੱਧਰ ਅਤੇ ਬਲਾਕ ਪੱਧਰ ਉੱਪਰ ਅਗਾਂਹਵਧੂ ਕਿਸਾਨ ਵਜੋਂ ਵਿਸ਼ੇਸ਼ ਸਨਮਾਨ ਦਿੱਤੇ ਜਾਂਦੇ ਹਨ।

**ਕਿਸਾਨ ਸਮੂਹ ਨੂੰ ਉਤਸ਼ਾਹਿਤ ਕਰਨਾ :-**

"ਆਤਮਾ" ਸਕੀਮ ਅਧੀਨ ਕਿਸਾਨਾਂ ਨੂੰ ਸਮੂਹਾਂ ਜਾਂ ਗਰੁੱਪਾਂ ਵਿੱਚ ਕੰਮ ਕਰਨ ਲਈ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਕਿਸਾਨ ਸਮੂਹਾਂ ਨੂੰ ਉਤਸ਼ਹਿਤ ਕਰਨ ਦਾ ਮੁੱਖ ਉਦੇਸ਼ ਹੈ ਇਕ ਸੋਚ ਵਾਲੇ ਕਿਸਾਨ ਸਮੂਹਾਂ ਵਿੱਚ ਸਾਂਝੇ ਉਪਰਾਲੇ ਕਰਦੇ ਹੋਏ, ਆਪਣੀਆਂ ਖੇਤੀਬਾੜੀ ਲਾਗਤਾਂ ਨੂੰ ਘੱਟ ਕਰਨ ਅਤੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਣ।

**ਖੇਤੀਬਾੜੀ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣਾ :-**

ਆਤਮਾ ਅਧੀਨ ਖੇਤੀਬਾੜੀ ਧੰਦੇ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਖੇਤੀਬਾੜੀ ਵਿੱਚ ਯਕੀਨੀ ਬਣਾਉਣ ਲਈ ਵਿਸ਼ੇਸ਼ ਵਿਵਸਥਾ ਕੀਤੀ ਜਾ ਰਹੀ ਹੈ। ਕਿਸਾਨ ਬੀਬੀਆਂ ਦੇ ਸੈਲਫ਼ ਹੈਲਪ ਗਰੁੱਪ ਬਣਾ ਕੇ ਡੇਅਰੀ, ਮਧੂ ਮੱਖੀ, ਖੁੰਭ ਉਤਪਾਦਨ ਅਤੇ ਫੂਡ ਪ੍ਰੋਸੈਸਿੰਗ ਰਾਹੀਂ ਉਤਪਾਦਾਂ ਵਿੱਚ ਮੁੱਲ ਵਾਧਾ ਕਰਨ ਲਈ ਵਿਸ਼ੇਸ਼ ਸਿਖਲਾਈ ਕੈਂਪਾਂ, ਕਾਰਜਸ਼ਾਲਾਵਾਂ ਦਾ ਅਯੋਜਨ ਕੀਤਾ ਜਾਂਦਾ ਹੈ।

**ਕਿਸਾਨ ਮਿੱਤਰ :-**

ਪਿੰਡ ਪੱਧਰ 'ਤੇ ਤਕਨੀਕੀ ਪ੍ਰਸਾਰ ਨੂੰ ਪਹੁੰਚਾਉਣ ਲਈ ਦੋ ਪਿੰਡਾਂ ਮਗਰ ਇੱਕ ਕਿਸਾਨ ਮਿੱਤਰ ਬਣਾਇਆ ਜਾਂਦਾ ਹੈ। ਇਹ ਕਿਸਾਨ ਮਿੱਤਰ ਕਿਸਾਨ ਹੀ ਹਨ ਜੋ ਪ੍ਰਸਾਰ ਕਾਮਿਆਂ ਅਤੇ ਕਿਸਾਨਾਂ ਵਿੱਚ ਪੁਲ ਦਾ ਕੰਮ ਕਰ ਰਹੇ ਹਨ।

ਪ੍ਰੋਜੈਕਟ ਡਾਇਰੈਕਟਰ, (ਆਤਮਾ),
ਮੋਗਾ।

ਮੁੱਖ ਖੇਤੀਬਾੜੀ ਅਫ਼ਸਰ,
ਮੋਗਾ।